# ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।

**ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ।**

**Website: www.punjabitis.gov.in, Email: onlinedakhla@gmail.com**
**Fax: 2614622, Phone: 5022357, 5022380, 5022367**

## ਆਨਲਾਈਨ ਦਾਖ਼ਲਾ ਨੋਟਿਸ
## ਸੈਸ਼ਨ ਅਗਸਤ 2015

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਐਫੀਲੇਟਿਡ ਉਦਯੋਗਿਕ ਸਿਖਲਾਈ ਸੰਸਥਾਵਾਂ/ਕੇਂਦਰਾਂ/ਟੀਚਰ ਟ੍ਰੇਨਿੰਗ ਸੰਸਥਾਵਾਂ ਵਿਚ ਸੈਸ਼ਨ ਅਗਸਤ 2015 ਲਈ ਕਰਾਫਟਸਮੈਨ ਸਕੀਮ ਅਧੀਨ ਵੱਖ-ਵੱਖ ਟਰੇਡਾਂ, ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ, ਪੰਜਾਬੀ ਸਟੈਨੋਗ੍ਰਾਫ਼ੀ ਅਤੇ ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸਾਂ ਵਾਸਤੇ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖ਼ਲਾ ਹੋਵੇਗਾ:-

| S. No. | Procedure | | Dates |
|---|---|---|---|
| 1 | Online Registration by Candidates | | 05.05.2015 to 16.06.2015 |
| 2 | Document Verification by DI's | | 11.05.2015 to 19.06.2015 |
| 3 | First Counseling | | |
| | Online Choice Filling 25.05.2015 to 21.06.2015 | Result Declaration 23.06.2015 | Reporting by Candidates at Institutes 24.06.2015 to 28.06.2015 |
| 4 | Second Counseling | | |
| | Online Choice Filling 29.06.2015 to 02.07.2015 | Result Declaration 05.07.2015 | Reporting by Candidates at Institutes 06.07.2015 to 09.07.2015 |
| 5 | Third Counseling | | |
| | Online Choice Filling 10.07.2015 to 13.07.2015 | Result Declaration 16.07.2015 | Reporting by Candidates at Institutes 17.07.2015 to 21.07.2015 |
| 6 | Fourth Counseling | | |
| | Online Choice Filling 22.07.2015 to 26.07.2015 | Result Declaration 29.07.2015 | Reporting by Candidates at Institutes 30.07.2015 to 31.07.2015 |

**Note:** Classes for Candidates admitted during all rounds will starts w.e.f. 03.08.2015

ਦਾਖ਼ਲੇ ਲਈ ਚਾਹਵਾਨ ਬਿਨੈਕਾਰ ਵੈੱਬਸਾਈਟ www.itipunjab.nic.in 'ਤੇ Online ਰਜਿਸਟਰ ਕਰ ਸਕਦੇ ਹਨ। ਆਨਲਾਈਨ ਦਾਖ਼ਲੇ ਲਈ ਅਪਲਾਈ ਕਰਨ ਲਈ ਨਜ਼ਦੀਕੀ ਸਰਕਾਰੀ ਆਈ.ਟੀ.ਆਈ.'ਜ਼ ਅਤੇ ਪ੍ਰਾਈਵੇਟ ਆਈ.ਟੀ.ਆਈ.'ਜ਼ ਤੋਂ ਮਦਦ/ਜਾਣਕਾਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇਕਰ ਬਿਨੈਕਾਰ ਨੂੰ ਆਨਲਾਈਨ ਅਪਲਾਈ ਕਰਨ ਸਮੇਂ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਇਸ ਮੰਤਵ ਲਈ ***helpitidakhla@gmail.com*** 'ਤੇ ਮੇਲ ਅਤੇ ਮੋਬਾਈਲ ਨੰ: 9815655811, 9815242820, 9815272050, 9815196050 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

**ਜ਼ਰੂਰੀ ਨੋਟ**

| | |
|---|---|
| 1. | ਉਮੀਦਵਾਰਾਂ ਵੱਲੋਂ ਆਨਲਾਈਨ ਦਾਖ਼ਲੇ ਲਈ ਉਪਰੋਕਤ ਦਾਖ਼ਲਾ ਸ਼ਡਿਊਲ ਦੇ ਲੜੀ ਨੰ: 1 ਵਿਚ ਦਰਸਾਈਆਂ ਮਿਤੀਆਂ ਨੂੰ ਹੀ ਅਪਲਾਈ/ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ, ਉਪਰੰਤ ਕੋਈ ਰਜਿਸਟ੍ਰੇਸ਼ਨ ਨਹੀਂ ਹੋਵੇਗੀ।<br>ਹਰ ਉਮੀਦਵਾਰਾਂ ਵੱਲੋਂ ਆਨਲਾਈਨ ਰਜਿਸਟ੍ਰੇਸ਼ਨ ਲਈ ਕੇਵਲ ਇਕ ਵਾਰੀ ਰਜਿਸਟ੍ਰੇਸ਼ਨ ਆਈ.ਡੀ. ਤਿਆਰ ਕੀਤੀ ਜਾਵੇ। ਪਹਿਲੇ ਰਾਊਂਡ ਦੌਰਾਨ ਸੀਟ ਨਾ ਮਿਲਣ ਦੀ ਸੂਰਤ ਵਿਚ ਮੁੜ ਤੋਂ ਉਸੇ ਆਈ.ਡੀ. ਦੀ ਵਰਤੋਂ ਕਰਦੇ ਹੋਏ ਦੂਜੇ, ਤੀਜੇ ਅਤੇ ਚੌਥੇ ਰਾਊਂਡ ਵਿਚ ਕੇਵਲ ਆਪਣੀ ਚੁਆਇਸ ਫਿਲ ਕੀਤੀ ਜਾਵੇ। |
| 2. | Fee applicable at Govt. ITI's shall be charged for 5% (five Percentages) Seats in the Private unaided ITI's/ITC's from the poor Students whose family income is less than 2 lac per annum. |
| 3. | ਉਮੀਦਵਾਰ ਕਿਸੇ ਵੀ ਉਦਯੋਗਿਕ ਸਿਖਲਾਈ ਸੰਸਥਾ ਵਿਚ ਜਾ ਕੇ ਆਨਲਾਈਨ ਦਾਖ਼ਲਾ ਰਜਿਸਟ੍ਰੇਸ਼ਨ ਕਰਨ ਲਈ ਫ੍ਰੀ ਸੁਵਿਧਾ ਲੈ ਸਕਦੇ ਹਨ। |
| 4. | ਉਮੀਦਵਾਰਾਂ ਵੱਲੋਂ ਆਨਲਾਈਨ ਦਾਖ਼ਲੇ ਲਈ ਰਜਿਸਟ੍ਰੇਸ਼ਨ ਉਪਰੰਤ ਦਾਖ਼ਲਾ ਸ਼ਡਿਊਲ ਦੇ ਲੜੀ ਨੰ: 2 ਵਿਚ ਦਰਸਾਈਆਂ ਮਿਤੀਆਂ ਨੂੰ ਡੈਜੀਗਨੇਟਿਡ ਸੰਸਥਾਵਾਂ (ਡੀ.ਆਈਜ਼) ਪਾਸ ਜਾ ਕੇ ਸਰਟੀਫਿਕੇਟ ਵੈਰੀਫਿਕੇਸ਼ਨ ਕਰਵਾਈ ਜਾ ਸਕਦੀ ਹੈ, ਉਪਰੰਤ ਸਰਟੀਫਿਕੇਟ ਵੈਰੀਫਿਕੇਸ਼ਨ ਨਹੀਂ ਹੋਵੇਗੀ। |
| 5. | ਡੈਜੀਗਨੇਟਿਡ ਸੰਸਥਾਵਾਂ ਵੱਲੋਂ ਕੇਵਲ ਉਨ੍ਹਾਂ ਉਮੀਦਵਾਰਾਂ ਦੇ ਸਰਟੀਫਿਕੇਟ ਵੈਰੀਫਿਕੇਸ਼ਨ ਕੀਤੇ ਜਾਣਗੇ, ਜੋ ਉਮੀਦਵਾਰ ਸੰਸਥਾ ਵਿਖੇ ਸਰਟੀਫਿਕੇਟ ਵੈਰੀਫਿਕੇਸ਼ਨ ਲਈ ਖੁਦ ਹਾਜ਼ਰ ਹੋਣਗੇ। ਉਮੀਦਵਾਰਾਂ ਵੱਲੋਂ ਸਰਟੀਫਿਕੇਸ਼ਨ ਵੈਰੀਫਿਕੇਸ਼ਨ ਸਮੇਂ ਅਸਲ ਸਰਟੀਫਿਕੇਟਾਂ ਦੇ ਨਾਲ-ਨਾਲ ਸਾਰੇ ਸਰਟੀਫਿਕੇਟਾਂ ਦਾ ਫੋਟੋ ਕਾਪੀ ਦਾ ਇਕ ਸੈੱਟ ਵੀ ਨਾਲ ਲਿਆਂਦਾ ਜਾਵੇ ਅਤੇ ਆਪਣੀ ਇਕ ਪਾਸਪੋਰਟ ਸਾਈਜ਼ ਦੀ ਤਾਜ਼ਾ ਫੋਟੋ ਵੀ ਨਾਲ ਲਿਆਂਦੀ ਜਾਵੇ। |
| 6. | ਡੈਜੀਗਨੇਟਿਡ ਸੰਸਥਾਵਾਂ (ਡੀ.ਆਈਜ਼) ਦੀ ਲਿਸਟ ਵੈੱਬਸਾਈਟ ***www.itipunjab.nic.in*** 'ਤੇ ਅਤੇ ਸਰਕਾਰੀ ਪ੍ਰਾਸਪੈਕਟਸ ਆਨਲਾਈਨ ਦਾਖ਼ਲਾ ਅਗਸਤ 2015 ਵਿਚ ਉਪਲੱਬਧ ਹੈ। ਉਮੀਦਵਾਰ ਆਪਣੀ ਸੁਵਿਧਾ ਅਨੁਸਾਰ ਇਸ ਲਿਸਟ ਵਿਚ ਦਰਸਾਏ ਕਿਸੇ ਵੀ ਡੀ.ਆਈ. ਤੋਂ ਸਰਟੀਫਿਕੇਟ ਵੈਰੀਫਾਈ ਕਰਵਾ ਸਕਦਾ ਹੈ। |
| 7. | ਉਮੀਦਵਾਰ ਵੱਲੋਂ ਸਰਟੀਫਿਕੇਟ ਵੈਰੀਫਿਕੇਸ਼ਨ ਸਮੇਂ 100/- ਪ੍ਰੋਸੈਸਿੰਗ ਫੀਸ ਡੀ.ਆਈ. ਪਾਸ ਜਮ੍ਹਾਂ ਕਰਵਾਏ ਜਾਣ। |
| 8. | ਵੱਖ-ਵੱਖ ਟਰੇਡਾਂ ਦੇ ਦਾਖ਼ਲੇ ਲਈ ਵਿੱਦਿਅਕ ਯੋਗਤਾਵਾਂ, ਸੀਟਾਂ ਦੀ ਜਾਣਕਾਰੀ ਸਰਕਾਰੀ ਪ੍ਰਾਸਪੈਕਸਟਸ ਆਨਲਾਈਨ ਦਾਖ਼ਲਾ ਅਗਸਤ 2015 ਵਿਚ ਦਰਸਾਈਆਂ ਗਈਆਂ ਹਨ ਜੋ ਕਿ ਵੈੱਬਸਾਈਟ 'ਤੇ ਉਪਲੱਬਧ ਹੈ। |
| 9. | ਵੱਖ-ਵੱਖ ਕੋਰਸਾਂ ਦੇ ਦਾਖ਼ਲੇ ਲਈ ਸਿਖਿਆਰਥੀਆਂ ਦੀ ਉਮਰ ਹੇਠ ਅਨੁਸਾਰ ਹੈ:-<br>1. ਕਰਾਫਟਸਮੈਨ ਸਕੀਮ ਟਰੇਡਾਂ ਲਈ ਉਮੀਦਵਾਰ ਸਰੀਰਕ ਤੌਰ 'ਤੇ ਫਿੱਟ ਹੋਣ ਅਤੇ ਉਨ੍ਹਾਂ ਦੀ ਉਮਰ ਦਾਖ਼ਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 14 ਸਾਲ ਹੋਵੇ।<br>2. ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ 'ਤੇ ਫਿੱਟ ਹੋਵੇ ਅਤੇ ਉਨ੍ਹਾਂ ਦੀ ਉਮਰ ਦਾਖ਼ਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 15 ਸਾਲ ਹੋਣੀ ਚਾਹੀਦੀ ਹੈ।<br>3. ਕਟਾਈ, ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ 'ਤੇ ਫਿੱਟ ਹੋਵੇ ਅਤੇ ਉਮਰ ਦਾਖ਼ਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 16 ਸਾਲ ਹੋਣੀ ਚਾਹੀਦੀ ਹੈ। |
| 10. | ਦਾਖ਼ਲੇ ਵਿਚ ਰਿਜ਼ਰਵੇਸ਼ਨ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ।<br>ਰਿਜ਼ਰਵ ਕੈਟਾਗਰੀ ਨਾਲ ਸੰਬੰਧਿਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਉਪਰੋਕਤ ਦਾਖ਼ਲਾ ਸ਼ਡਿਊਲ ਦੇ ਲੜੀ ਨੰ: 2 ਵਿਚ ਦਰਸਾਈਆਂ ਮਿਤੀਆਂ ਨੂੰ ਡੀ.ਆਈ. (ਡੇਜੀਗਨੇਟਿਡ ਇੰਸਟੀਚਿਊਟ) ਨੂੰ ਪੇਸ਼ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਜਨਰਲ ਕੈਟਾਗਰੀ ਵਜੋਂ ਵਿਚਾਰਿਆ ਜਾਵੇਗਾ। |
| 11. | ਜਿਨ੍ਹਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖ਼ਲਾ ਨਹੀਂ ਮਿਲਿਆ ਉਨ੍ਹਾਂ ਵੱਲੋਂ ਉਪਰੋਕਤ ਦਾਖ਼ਲਾ ਸ਼ਡਿਊਲ ਦੇ ਲੜੀ ਨੰ: 4 ਵਿਚ ਦਰਸਾਈਆਂ ਮਿਤੀਆਂ ਨੂੰ ਆਪਣੀ Choice Filling ਮੁੜ ਭਰੀ ਜਾਵੇਗੀ। ਇਸੇ ਤਰ੍ਹਾਂ ਜਿਨ੍ਹਾਂ ਨੂੰ ਪਹਿਲੀ ਕੌਂਸਲਿੰਗ ਅਤੇ ਦੂਜੀ ਕੌਂਸਲਿੰਗ ਦੌਰਾਨ ਦਾਖ਼ਲਾ ਨਹੀਂ ਮਿਲਿਆ, ਉਨ੍ਹਾਂ ਵੱਲੋਂ ਉਪਰੋਕਤ ਦਾਖ਼ਲਾ ਸ਼ਡਿਊਲ ਦੇ ਲੜੀ ਨੰ: 5 ਵਿਚ ਦਰਸਾਈਆਂ ਮਿਤੀਆਂ ਨੂੰ ਆਪਣੀ Choice Filling ਮੁੜ ਭਰੀ ਜਾਵੇਗੀ। |
| 12. | ਕਿਸੇ ਉਮੀਦਵਾਰ ਨੂੰ ਕਿਸੇ ਵੀ ਕੌਂਸਲਿੰਗ ਦੌਰਾਨ ਦਾਖ਼ਲਾ ਮਿਲ ਜਾਂਦਾ ਹੈ ਅਤੇ ਉਹ ਫੀਸ ਜਮ੍ਹਾਂ ਕਰਾ ਦਿੰਦਾ ਹੈ। ਜੇਕਰ ਉਹ ਉਮੀਦਵਾਰ ਦੁਆਰਾ (ਪਹਿਲਾਂ ਮਿਲੀ ਸੀਟ ਨੂੰ ਹੋਰ ਬੈਟਰ ਆਪਸ਼ਨ ਅਨੁਸਾਰ ਅਪਡੇਟ ਕਰਨ ਲਈ) ਕਿਸੇ ਸੰਸਥਾ ਵਿਚ ਕਿਸੇ ਟਰੇਡ ਲਈ ਅਪਲਾਈ ਕਰਦਾ ਹੈ ਅਤੇ ਉਸ ਨੂੰ ਸੀਟ ਅਲਾਟ ਹੋ ਜਾਂਦੀ ਹੈ ਤਾਂ ਉਸ ਉਮੀਦਵਾਰ ਦੀ ਪਹਿਲਾਂ ਮਿਲੀ ਸੀਟ ਕੈਂਸਲ ਹੋ ਜਾਵੇਗੀ ਅਤੇ ਪਹਿਲਾਂ ਦਾਖ਼ਲੇ ਵਾਲੀ ਸੀਟ 'ਤੇ ਕਲੇਮ ਖ਼ਤਮ ਹੋ ਜਾਵੇਗਾ। ਇਸ ਲਈ ਜਿਨ੍ਹਾਂ ਉਮੀਦਵਾਰਾਂ ਨੂੰ ਉਨ੍ਹਾਂ ਦੀ ਮਨਪਸੰਦ ਸੀਟ ਮਿਲ ਜਾਂਦੀ ਹੈ ਤਾਂ ਉਹ ਅਗਲੀ ਕੌਂਸਲਿੰਗ ਵਿਚ ਹਿੱਸਾ ਨਾ ਲੈਣ। |
| 13. | ਉਮੀਦਵਾਰ ਆਪਣੀ ਆਨਲਾਈਨ ਰਜਿਸਟ੍ਰੇਸ਼ਨ ਦੇ ਲਾਗਇਨ ਆਈ.ਡੀ. ਦਾ ਪਾਸਵਰਡ ਕਿਸੇ ਹੋਰ ਨਾਲ ਸ਼ੇਅਰ ਨਾ ਕਰਨ ਭਾਵ ਕਿਸੇ ਨੂੰ ਨਾ ਦੱਸਣ ਤਾਂ ਜੋ ਲਾਗਇਨ ਆਈ.ਡੀ. ਦੀ ਦੁਰਵਰਤੋਂ ਨਾ ਹੋ ਸਕੇ। ਇਸ ਦੀ ਬਜਾਏ ਪਾਸਵਰਡ ਕਿਸੇ ਸੁਰੱਖਿਅਤ ਜਗ੍ਹਾ 'ਤੇ ਲਿਖ ਕੇ ਰੱਖ ਲਿਆ ਜਾਵੇ। |
| 14. | ਆਨਲਾਈਨ ਰਜਿਸਟ੍ਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ, ਜਿਸ ਵਿਚ ਆਪਣੇ ਨਾਂਅ ਦੇ ਸਪੈਲਿੰਗ, ਜਨਮ ਮਿਤੀ ਆਦਿ ਚੈੱਕ ਕਰਕੇ ਠੀਕ ਭਰੀ ਜਾਵੇ। ਗਲਤੀ ਹੋਣ 'ਤੇ ਉਮੀਦਵਾਰ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ। |
| 15. | ਉਮੀਦਵਾਰਾਂ ਵੱਲੋਂ ਆਨਲਾਈਨ ਰਜਿਸਟ੍ਰੇਸ਼ਨ ਫਾਰਮ ਵਿਚ ਆਪਣਾ ਨਿੱਜੀ ਮੋਬਾਈਲ ਨੰਬਰ (ਘੱਟੋ-ਘੱਟ ਇਕ ਲਾਜ਼ਮੀ ਜਾਂ ਵੱਧ ਤੋਂ ਵੱਧ ਦੋ ਮੋਬਾਈਲ ਨੰਬਰ) ਅਤੇ ਈਮੇਲ ਆਈ.ਡੀ. ਵੀ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਦਾਖ਼ਲੇ ਸਬੰਧੀ ਜ਼ਰੂਰੀ ਸੂਚਨਾਵਾਂ ਸਮੇਂ-ਸਮੇਂ ਸਿਰ ਸਿੱਧੇ ਤੌਰ 'ਤੇ ਮਿਲ ਸਕੇ। |
| 16. | ਵਿਭਾਗ/ਰਾਜ ਸਰਕਾਰ ਵੱਲੋਂ ਜਾਰੀ ਰਿਜ਼ਰਵੇਸ਼ਨ ਪਾਲਸੀ/ਹਦਾਇਤਾਂ/ਪਾਲਸੀ/ਯੂਜ਼ਰ ਮੈਨੂਅਲ ਵੈੱਬਸਾਈਟ ***www.itipunjab.nic.in*** ਅਤੇ ਵਿਭਾਗ ਦੀ ਵੈੱਬਸਾਈਟ (Floder Admission in Govt. & Pvt. ITI) ***www.punjabitis.gov.in*** 'ਤੇ ਅਪਲੋਡ ਕੀਤੀ ਗਈ ਹੈ। |
| 17. | ਆਨਲਾਈਨ ਦਾਖ਼ਲੇ ਦੀ ਮਦਦ ਲਈ ਵੈੱਬਸਾਈਟ ਦੇ ਲਿੰਕ ***http:www.itipunjab.nic.in/Candidate/documents/instructions.pdf*** ਵੀ ਵੇਖਿਆ ਜਾ ਸਕਦਾ ਹੈ। |

**ਮਿਤੀ, ਚੰਡੀਗੜ੍ਹ 29.04.2015**

**ਬੀ. ਪੁਰੂਸ਼ਾਰਥਾ ਆਈ.ਏ.ਐਸ.**
**ਡਾਇਰੈਕਟਰ ਤਕਨੀਕੀ ਸਿੱਖਿਆ ਅਤੇ**
**ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।**

**PR-2015/1004-D**